**ਪੰਜਾਬ ਸਕੂਲ ਸਿੱਖਿਆ ਬੋਰਡ**

**(ਕੰਡਕਟ ਸ਼ਾਖਾ)**

**ਪ੍ਰੈਸ ਨੋਟ**

ਪੰਜਾਬ ਸਕੂਲ ਸਿੱਖਿਆ ਬੋਰਡ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਅਗਸਤ 2025 ਦੀਆਂ ਅਨੁਪੂਰਕ (Supplementary) ਪਰੀਖਿਆਵਾਂ (ਸਮੇਤ ਓਪਨ ਸਕੂਲ), ਓਪਨ ਸਕੂਲ ਬਲਾਕ-2 ਅਤੇ ਵਾਧੂ ਵਿਸ਼ੇ ਦਾ ਨਤੀਜਾ ਮਿਤੀ 06-10-2025 ਨੂੰ ਘੋਸ਼ਿਤ ਕੀਤਾ ਜਾ ਚੁੱਕਾ ਹੈ। ਇਨ੍ਹਾਂ ਪਰੀਖਿਆਵਾਂ ਨਾਲ ਸਬੰਧਤ ਪਰੀਖਿਆਰਥੀ ਜੇਕਰ ਰੀ-ਚੈਕਿੰਗ ਕਰਵਾਉਣਾ ਚਾਹੁੰਦੇ ਹਨ ਤਾਂ ਆਨ ਲਾਈਨ ਫਾਰਮ ਅਤੇ ਫੀਸ ਭਰਨ ਲਈ ਮਿਤੀ 14-10-2025 ਤੋਂ 28-10-2025 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਪਰੀਖਿਆਰਥੀ ਆਨ ਲਾਈਨ ਫਾਰਮ ਅਤੇ ਫੀਸ ਭਰਨ ਉਪਰੰਤ ਇਸ ਦਾ ਪ੍ਰਿੰਟ ਆਪਣੇ ਕੋਲ ਰੱਖਣ। ਹਾਰਡ ਕਾਪੀ ਦਫ਼ਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀਂ ਹੈ। ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬੱਧ ਹੈ।

10.10.25

ਸੰਯੁਕਤ ਸਕੱਤਰ (ਜ)

ਪੰਜਾਬ ਸਕੂਲ ਸਿੱਖਿਆ ਬੋਰਡ

## ਪੰਜਾਬ ਸਕੂਲ ਸਿੱਖਿਆ ਬੋਰਡ

Print Date:
Date of Submitting

ਦਸਵੀਂ ਅਤੇ ਬਾਰਵੀਂ ਸ਼੍ਰੇਣੀ ਅਨੁਪੂਰਕ ਪਰੀਖਿਆਵਾਂ ਅਗਸਤ 2025 (ਸਮੇਤ ਓਪਨ ਸਕੂਲ) ਦੀ ਉੱਤਰ ਪੱਤਰੀ ਦੀ ਰੀਚੈਕਿੰਗ ਲਈ ਬਿਨੈ-ਪੱਤਰ।

Ref No..........................                Set No:-

| | | | |
|---|---|---|---|
| ਰੋਲ ਨੰਬਰ | | ਸਾਲ/ਸੈਸ਼ਨ | |
| ਗਰੁੱਪ | | ਕੈਟਾਗਰੀ | |
| ਪਰੀਖਿਆਰਥੀ ਦਾ ਨਾਂ | | ਪਿਤਾ ਦਾ ਨਾਂ | |
| ਫੋਨ/ਮੋਬਾਇਲ ਨੰ: | | ਈ.ਮੇਲ | |
| ਪਰੀਖਿਆ ਕੇਂਦਰ/ਕਾਲਜ/ਸਕੂਲ ਦਾ ਨਾਂ | | | |

ਘੋਸ਼ਿਤ ਹੋਇਆ ਨਤੀਜਾ (ਵਿਸ਼ਿਆਂ ਦੇ ਵੇਰਵੇ)

| Sr. No. | Subject | Obt. Marks | Rechecking | Get Answer sheet copy | Total Fees |
|---|---|---|---|---|---|
| | | | | | |

ਬਿਨੈਕਾਰ ਦੀ ਹੱਥ ਲਿਖਤ ਨਮੂਨਾ:-..........................................................................................................................

..........................................................................................................................................................

..........................................................................................................................................................

Candidate Address

ਪਰੀਖਿਆਰਥੀ ਦੇ ਹਸਤਾਖਰ

| 1. ਪੱਤਰ ਵਿਹਾਰ ਲਈ ਪਤਾ | 2. ਪੱਤਰ ਵਿਹਾਰ ਲਈ ਪਤਾ |
|---|---|
| | |

## ਪੰਜਾਬ ਸਕੂਲ ਸਿੱਖਿਆ ਬੋਰਡ

ਰੀ-ਚੈਕਿੰਗ ਸਬੰਧੀ ਵਿਨਿਯਮ ਅਤੇ ਹਦਾਇਤਾਂ

1. ਬੋਰਡ ਵੱਲੋਂ ਨਤੀਜਾ ਐਲਾਨੇ ਜਾਣ ਤੋਂ ਬਾਅਦ ਰੀ-ਚੈਕਿੰਗ ਦੇ ਸਡਿਊਲ ਅਨੁਸਾਰ ਫਾਰਮ/ਫੀਸ ਆਨ-ਲਾਈਨ ਹੀ ਜਮ੍ਹਾਂ ਕਰਵਾਈ ਜਾਵੇ। ਇਸ ਉਪਰੰਤ ਰੀਚੈਕਿੰਗ ਫਾਰਮ/ਫੀਸ ਦਾ ਪ੍ਰਿੰਟ ਪ੍ਰੀਖਿਆਰਥੀ ਆਪਣੇ ਕੋਲ ਰੱਖ ਸਕਦੇ ਹਨ। ਦਫਤਰ ਵਿਖੇ ਜਮ੍ਹਾ ਕਰਵਾਉਣ ਦੀ ਜਰੂਰਤ ਨਹੀਂ ਹੈ।

2. ਰੀਚੈਕਿੰਗ ਕਰਦੇ ਸਮੇਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ:-

- ਕੀ ਉੱਤਰ-ਪੱਤਰੀਆਂ ਦਾ ਕਲਿੱਪ ਠੀਕ ਲੱਗਾ ਹੈ, ਭਾਵ ਉਸ ਵਿੱਚੋਂ ਕੋਈ ਪੰਨਾਂ ਨਿਕਲਿਆ, ਫਟਿਆ ਜਾਂ ਬਦਲਿਆ ਤਾਂ ਨਹੀਂ ਅਤੇ ਉੱਤਰ-ਪੱਤਰੀ ਦੇ ਪੰਨਿਆਂ ਦੀ ਗਿਣਤੀ ਪੂਰੀ ਹੈ।
- ਕੀ ਉੱਤਰ ਪੱਤਰੀ ਤੇ ਦਰਜ ਸਾਰੇ ਪ੍ਰਸ਼ਨ-ਉੱਤਰ ਪਰੀਖਿਅਕ ਵੱਲੋਂ ਮਾਰਕ ਕੀਤੇ ਗਏ ਹਨ।
- ਕੀ ਉੱਤਰ-ਪੱਤਰੀ ਤੇ ਦਰਜ ਸਾਰੇ ਪ੍ਰਸ਼ਨਾਂ ਲਈ ਦਿੱਤੇ ਅੰਕਾਂ ਦਾ ਕੁੱਲ ਜੋੜ, ਉੱਤਰ-ਪੱਤਰੀ ਦੇ ਮੁੱਢਲੇ (Title) ਪੰਨੇ ਤੇ ਠੀਕ ਲਿਖਿਆ ਹੈ।

3. ਨਿਰਧਾਰਿਤ ਕੀਤੀ ਰੀ-ਚੈਕਿੰਗ ਦੀ ਫੀਸ ਤੋਂ ਬਿਨਾਂ ਅਧੂਰੇ ਫਾਰਮਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਭਾਵ ਅਜਿਹੇ ਫਾਰਮ ਬਿਨਾ ਕਿਸੇ ਅਗੇਤੀ ਸੂਚਨਾ ਤੋਂ ਰੱਦ ਕੀਤੇ ਜਾਣਗੇ। ਰੀ-ਚੈਕਿੰਗ ਦੀ ਜਮ੍ਹਾ ਕਰਵਾਈ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ/ਐਡਜਸਟ ਨਹੀਂ ਹੋਵੇਗੀ।

4. ਰੀ-ਚੈਕਿੰਗ ਦੀ ਫੀਸ 500/-ਰੁਪਏ ਪ੍ਰਤੀ ਉੱਤਰ-ਪੱਤਰੀ ਹੈ।

5. ਪਰੀਖਿਆਰਥੀ ਵੱਲੋਂ ਉੱਤਰ-ਪੱਤਰੀ ਦੀ ਫੋਟੋ ਕਾਪੀ ਦੀ ਮੰਗ ਤੇ ਪ੍ਰੋਸੈਸਿੰਗ ਫੀਸ ਹੇਠ ਲਿਖੇ ਅਨੁਸਾਰ ਹੈ:-

| | |
|---|---|
| ਉੱਤਰ-ਪੱਤਰੀ ਦੀ ਫੋਟੋ ਕਾਪੀ ਪ੍ਰਾਪਤ ਕਰਨ ਲਈ ਪ੍ਰੋਸੈਸਿੰਗ ਫੀਸ | 500/-ਰੁਪਏ ਅਤੇ 2/-ਰੁਪਏ ਪ੍ਰਤੀ ਪੰਨਾ (ਫੋਟੋ ਕਾਪੀ) |

6. ਰੀ-ਚੈਕਿੰਗ ਫੀਸ ਅਤੇ ਪ੍ਰੋਸੈਸਿੰਗ ਫੀਸ (ਦੋਨਾਂ ਦੀ ਫੀਸ) ਭਰਨ ਤੇ ਉੱਤਰ-ਪੱਤਰੀ ਕੇਵਲ ਪਰੀਖਿਆਰਥੀ ਨੂੰ ਹੀ ਵਿਖਾਈ ਜਾਵੇਗੀ। ਜੇਕਰ ਰੀਚੈਕਿੰਗ ਉਪਰੰਤ ਉੱਤਰ-ਪੱਤਰੀ ਦੀ ਫੋਟੋ ਕਾਪੀ ਲੈਣੀ ਹੈ ਤਾਂ ਵਾਧੂ ਹੋਰ ਸਮਾਂ ਨਹੀਂ ਦਿੱਤਾ ਜਾਵੇਗਾ ਅਤੇ ਪਹਿਲਾਂ ਦਿੱਤੇ ਨਿਰਧਾਰਿਤ ਮਿਤੀਆਂ/ਸਡਿਊਲ ਅਨੁਸਾਰ ਹੀ ਅਪਲਾਈ ਕਰਨਾ ਪਵੇਗਾ।

7. ਰੀ-ਚੈਕਿੰਗ ਦੇ ਨਤੀਜੇ ਦੀ ਜਾਣਕਾਰੀ ਆਨਲਾਈਨ ਬੋਰਡ ਦੀ ਵੈਬਸਾਈਟ ਤੇ ਦਿੱਤੀ ਜਾਵੇਗੀ। ਜੇਕਰ ਸੋਧ ਹੁੰਦੀ ਹੈ ਤਾਂ ਇਸ ਸਬੰਧੀ ਅਗਲੇਰੀ ਕਾਰਵਾਈ ਬੋਰਡ ਦੀ ਪਰੀਖਿਆ ਸ਼ਾਖਾ ਵੱਲੋਂ ਕਰਵਾਈ ਜਾਵੇਗੀ ਅਤੇ ਪਰੀਖਿਆਰਥੀ ਨੂੰ ਸਬੰਧਤ ਪਰੀਖਿਆ ਸ਼ਾਖਾ ਨਾਲ ਸੰਪਰਕ ਕਰਦੇ ਹੋਏ ਆਪਣਾ ਪੁਰਾਣਾ ਨਤੀਜਾ ਸਰਟੀਫਿਕੇਟ ਜਮ੍ਹਾ ਕਰਵਾਕੇ ਨਵਾਂ ਸਰਟੀਫਿਕੇਟ ਪ੍ਰਾਪਤ ਕਰਨਾ ਪਵੇਗਾ। ਇਸ ਲਈ ਅਸਲ ਨਤੀਜੇ ਕਾਰਡ ਦੀ ਜਦੋਂ ਮੰਗ ਕੀਤੀ ਜਾਵੇ ਤਾਂ ਹੀ ਭੇਜਿਆ ਜਾਵੇ।

8. ਰੀ-ਚੈਕਿੰਗ ਦਾ ਫਾਰਮ ਭਰਨ ਦੀ ਮਿਤੀ : 14-10-2025 ਤੋਂ 28-10-2025 ਤੱਕ

9. ਰੀ-ਚੈਕਿੰਗ ਦਾ ਨਤੀਜਾ ਮਿਤੀ 28-11-2025 ਨੂੰ ਬੋਰਡ ਦੀ ਵੈੱਬ-ਸਾਈਟ (pseb.ac.in) ਤੇ ਦੇਖਿਆ ਜਾ ਸਕਦਾ ਹੈ।